# ਗੁਰਸ਼ਰਨ ਸਿੰਘ ਦੀ ਨਾਟ-ਸੰਵੇਦਨਾ

ਗੁਰਸ਼ਰਨ ਸਿੰਘ ਦਰਸ਼ਕਾਂ ਦੀ ਕਲਾ ਸੁਹਜ ਸੰਵੇਦਨਾ ਨੂੰ, ਹੋਰਨਾ ਸਮਾਜਿਕ ਸੰਵੇਦਨਾਵਾਂ ਨਾਲੋਂ ਨਿਖੜੀ ਹੋਈ ਰੁੰਡ-ਮਰੁੰਡ ਸੰਵੇਦਨਾ ਵਜੋਂ ਲੈ ਕੇ, ਇਸਦੀ ਹੇਠੀ ਨਹੀਂ ਕਰਦਾ। ਉਸਦੀ ਕਲਾ ਸਮਾਜਿਕ ਮਨੁੱਖੀ ਚੇਤਨਾ ਦਾ ਸ਼ਕਤੀਸ਼ਾਲ਼ੀ ਪ੍ਰਗਟਾਵਾ ਹੈ, ਜਿਹੜਾ ਆਪਣੇ ਖਾਸੇ ਪੱਖੋਂ ਜੁਝਾਰ ਅਤੇ ਇਕਾਲਬੀ ਹੈ। ਜੁਝਾਰ ਇਸ ਕਰਕੇ ਕਿ ਇਹ ਵੇਲਾ ਵਿਹਾ ਚੁੱਕੀ ਪਿਛਾਂਹ-ਖਿੱਚੂ ਸਮਾਜਿਕ ਚੇਤਨਾ ਨੂੰ ਕਦਮ ਕਦਮ 'ਤੇ ਚਣੌਤੀ ਦਿੰਦੀ ਅਤੇ ਇਸ ਨਾਲ ਭਿੜਦੀ ਹੈ। ਇਨਕਲਾਬੀ ਇਸ ਕਰਕੇ ਕਿ ਇਹ ਸਮਾਜਿਕ ਸਥਾਪਤੀ ਦੀਆਂ ਜਰਜਰੀਆਂ ਹੋ ਚੁਕੀਆਂ ਧਾਰਨਾਵਾਂ ਅਤੇ ਕਦਰਾਂ ਕੀਮਤਾਂ ਦਾ ਅਗਾਂਹਵਧੂ ਕ੍ਰਾਂਤੀਕਾਰੀ ਬਦਲ ਉਭਾਰਦੀ ਹੈ। ਗੁਰਸ਼ਰਨ ਸਿੰਘ ਦੇ ਨਾਟਕ, ਸਮਾਜਿਕ ਚੇਤਨਾ ਦੇ ਕਲਾ ਰੂਪ ਵਜੋਂ ਆਪਣੀ ਵਿਸ਼ੇਸ਼ਤਾ ਬਰਕਰਾਰ ਰੱਖਦੇ ਹਨ। ਪੰਜਾਬੀ ਜਨ ਸਮੂਹ, ਵਿਸ਼ੇਸ਼ ਕਰਕੇ ਪੇਂਡੂ ਜਨ-ਸਮੂਹ ਦੀ ਕਲਾ ਸੁਹਜ ਸੰਵੇਦਨਾ ਨੂੰ ਉਭਾਰਨ, ਵਿਕਸਤ ਅਤੇ ਅਮੀਰ ਕਰਨ 'ਚ ਅਜੇ ਤੱਕ ਹੋਰ ਕਿਸੇ ਨਾਟਕਕਾਰ ਜਾਂ ਨਿਰਦੇਸ਼ਕ ਦੇ ਮੁਕਾਬਲੇ ਗੁਰਸ਼ਰਨ ਸਿੰਘ ਦੀ ਦੇਣ ਕਿਤੇ ਅੱਗੇ ਹੈ।ਉੱਤਮ ਕਲਾ ਦੀ ਖੁਰਾਕ ਮਹੁਈਆ ਕਰਕੇ ਗੁਰਸ਼ਰਨ ਸਿੰਘ ਨੇ (ਦਰਸ਼ਕਾਂ ਦੀਆਂ ਪਛੜੀਆਂ ਪਰਤਾਂ 'ਚ ਵੀ) ਬੇਹਤਰ ਕਲਾ ਸੁਆਦਾਂ ਦੇ ਉਸਰੱਈਏ ਦਾ ਰੋਲ ਅਦਾ ਕੀਤਾ ਹੈ ਅਤੇ ਨਵੀਂ ਕਲਾ ਸੂਝ 'ਚ ਰੰਗੇ ਦਰਸ਼ਕ ਸਿਰਜੇ ਹਨ। ਪਰ ਵਧੇਰੇ ਗੱਲ ਇਹ ਹੈ ਕਿ ਉਸਦੇ ਨਾਟਕ, ਪਾਠਕਾਂ ਅਤੇ ਦਰਸ਼ਕਾਂ ਦੀ ਕਲਾ ਸੁਹਜ ਸੰਵੇਦਨਾ 'ਚ ਉਹਨਾਂ ਦੀ ਸਮੁੱਚੀ ਸਮਾਜਿਕ ਸੰਵੇਦਨਾ ਲਈ ਝੰਜੋੜਾ ਬਣਕੇ ਉੱਤਰਦੇ ਹਨ, ਜਜ਼ਬਿਆਂ ਅਤੇ ਸੰਸਕਾਰਾਂ ਦੇ ਸੰਸਾਰ 'ਚ ਖਲਬਲੀ ਪੈਦਾ ਕਰਦੇ ਹਨ ਅਤੇ ਨਵੀਂ ਸਮਾਜਿਕ ਚੇਤਨਾ ਗ੍ਰਹਿਣ ਕਰਨ ਲਈ ਪ੍ਰੇਰਦੇ ਹਨ।

ਆਪਣੀ ਕਲਾ ਦੇ ਗੂੜ੍ਹੇ ਪ੍ਰਭਾਵ ਸਦਕਾ, ਉਹ ਲੋਕ ਮਨਾਂ ਅੰਦਰ ਨਵੇਂ ਜਜ਼ਬਿਆਂ, ਸੰਸਕਾਰਾਂ ਅਤੇ ਕਦਰਾਂ-ਕੀਮਤਾਂ ਦਾ ਸਿਰਜਕ ਹੈ। ਉਸਦੇ ਨਾਟਕ ਨਵੀਂ ਜ਼ਿੰਦਗੀ ਦੇ ਅਸਲ ਸਿਰਜਣਹਾਰ ਲੋਕਾਂ ਦੀ ਸ਼ਕਤੀ ਨੂੰ ਜਗਾਉਂਦੇ ਹਨ। ਅਣਮੁਨੱਖੀ ਜੀਵਨ ਹਾਲਤਾਂ ਨੂੰ ਬਦਲਣ ਦੀ ਤਾਂਘ ਪ੍ਰਚੰਡ ਕਰਦੇ ਹਨ ਅਤੇ ਜ਼ਿੰਦਗੀ ਦੀ ਮੁੜ ਸਿਰਜਣਾ ਦੇ ਉੱਦਮ ਲਈ ਹੁਲਾਰਾ ਬਣਦੇ ਹਨ।

ਇਉਂ ਗੁਰਸ਼ਰਨ ਸਿੰਘ ਸਾਹਿਤ ਅਤੇ ਕਲਾ ਦੇ ਰਚਣਹਾਰਿਆਂ ਲਈ ਸਿਰਜਣਾ ਦੇ ਅਸਲ ਅਤੇ ਵਡੇਰੇ ਅਰਥ ਉਜਾਗਰ ਕਰਦਾ ਹੈ। ਰੰਗਮੰਚ, ਇਕ ਕਲਾ ਕਾਮੇਂ ਵਜੋਂ ਉਸਦੀ ਸਿਰਜਣ-ਸ਼ਕਤੀ ਦੇ ਸਾਕਾਰ ਹੋਣ ਦੀ ਸੀਮਾ ਨਹੀਂ ਹੈ। ਉਹ ਸਿਰਫ ਰੰਗਮੰਚ

'ਤੇ ਖਿੜਨ ਜੋਗੀ ਕਲਾ ਦਾ ਸਿਰਜਕ ਨਹੀਂ ਹੈ। ਉਸਦੀ ਸਿਰਜਣ ਸ਼ਕਤੀ ਦਾ ਲਿਸ਼ਕਾਰਾ ਰੰਗਮੰਚ ਰਾਹੀਂ ਅਸਲ ਜ਼ਿੰਦਗੀ ਦੇ ਮੰਚ 'ਤੇ ਸਾਕਾਰ ਹੁੰਦਾ ਹੈ, ਇਸ ਦੀ ਲੋਅ ਦਾ ਅੰਗ ਬਣਦਾ ਹੈ ਅਤੇ ਇਸ ਨੂੰ ਗੂੜ੍ਹੀ ਕਰਦਾ ਹੈ।

ਅਮਰ ਕਲਾ ਦੀ ਸਿਰਜਣਾ ਦੇ ਇਸ ਸਲੀਕੇ ਨੂੰ ਕੁਝ ਹਲਕਿਆਂ ਵੱਲੋਂ ਨਾਅਰੇਬਾਜ਼ੀ ਕਿਹਾ ਜਾਂਦਾ ਰਿਹਾ ਹੈ। ਪਰ ਇਸ ਸਲੀਕੇ ਨੇ, ਗੁਰਸ਼ਰਨ ਸਿੰਘ ਨੂੰ ਪੰਜਾਬ ਦੀ ਇਨਕਲਾਬੀ ਨਾਟਕ ਲਹਿਰ ਦਾ ਸ਼ੋ੍ਮਣੀ ਉਸਰੱਈਆ ਅਤੇ ਇਸਦੀ ਮਾਣਮੱਤੀ ਕਲਗੀ ਬਣਾ ਦਿੱਤਾ ਹੈ।

**'ਸਲਾਮ' ਦੇ ਕਾਮਿਆਂ ਵੱਲੋਂ**